**ਜਮਾਤ ਨੌਵੀਂ**

**ਵਾਰਤਕ ਭਾਗ (ਅਪ੍ਰੈਲ-ਮਈ)**

**1. ਪੁਰਾਤਨ ਜਨਮ ਸਾਖੀ** – (ੳ) ਸੁਲਤਾਨਪੁਰ ਨੂੰ ਤਿਆਰੀ

(ਅ) ਮੋਦੀਖ਼ਾਨਾ ਸੰਭਾਲਿਆ

## ਛੋਟੇ ਉੱਤਰ ਵਾਲੇ ਪ੍ਰਸ਼ਨ

**ਪ੍ਰਸ਼ਨ 1. ਗੁਰੂ ਨਾਨਕ ਦੇਵ ਜੀ ਦਾ ਭਣੋਈਆ ਕੌਣ ਸੀ? ਉਹ ਕੀ ਕੰਮ ਕਰਦਾ ਸੀ ?**

ਉੱਤਰ - ਗੁਰੂ ਨਾਨਕ ਦੇਵ ਜੀ ਦਾ ਭਣੋਈਆ ਜੈਰਾਮ ਸੀ। ਉਹ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਂ ਦੇ ਮੋਦੀਖਾਨੇ ਦਾ ਮੋਦੀ ਸੀ।

**ਪ੍ਰਸ਼ਨ 2. ਜੈਰਾਮ ਨੇ ਗੁਰੂ ਨਾਨਕ ਦੇਵ ਜੀ ਲਈ ਕੀ ਕੁਝ ਕੀਤਾ ?**

ਉੱਤਰ - ਜੈਰਾਮ ਨੇ ਜਦੋਂ ਇਹ ਸੁਣਿਆ ਕਿ ਗੁਰੂ ਨਾਨਕ ਹੈਰਾਨ ਰਹਿੰਦੇ ਹਨ ਅਤੇ ਕੋਈ ਕੰਮ ਨਹੀਂ ਕਰਦੇ, ਤਾਂ ਉਸ ਨੇ ਉਨ੍ਹਾਂ ਨੂੰ ਚਿੱਠੀ ਲਿਖ ਕੇ ਸੁਲਤਾਨਪੁਰ ਬੁਲਾ ਲਿਆ ਤੇ ਫਿਰ ਨਵਾਬ ਦੌਲਤ ਖਾਂ ਦੇ ਦਰਬਾਰ ਵਿੱਚ ਪੇਸ਼ ਕਰਕੇ ਉਸ ਨੂੰ ਨਵਾਬ ਦੀ ਆਗਿਆ ਨਾਲ ਮੋਦੀਖ਼ਾਨੇ ਵਿੱਚ ਨੌਕਰੀ ਉੱਤੇ ਲਵਾ ਦਿੱਤਾ ।

**ਪ੍ਰਸ਼ਨ 3. ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਜਾਣ ਤੋਂ ਪਹਿਲਾਂ ਪਤਨੀ ਨਾਲ ਹੋਈ ਵਾਰਤਾਲਾਪ ਨੂੰ ਲਿਖੋ ।**

ਉੱਤਰ – ਜਦੋਂ ਗੁਰੂ ਜੀ ਸੁਲਤਾਨਪੁਰ ਜਾਣ ਲੱਗੇ, ਤਾਂ ਗੁਰੂ ਜੀ ਦੀ ਪਤਨੀ ਵੈਰਾਗ ਕਰਦੀ ਹੋਈ ਕਹਿਣ ਲੱਗੀ ਕਿ ਉਹ ਤਾਂ ਉਸ ਨੂੰ ਪਹਿਲਾਂ ਹੀ ਮੂੰਹ ਨਹੀਂ ਲਾਉਂਦੇ ਸਨ , ਪਰਦੇਸ ਜਾ ਕੇ ਤਾਂ ਉਹ ਵਾਪਸ ਹੀ ਨਹੀਂ ਆਉਣਗੇ। ਗੁਰੂ ਜੀ ਕਹਿਣ ਲੱਗੇ ਕਿ ਉਹ ਨਾ ਇੱਥੇ ਕੁਝ ਕਰਦੇ ਸਨ ਤੇ ਨਾ ਉੱਥੇ ਜਾ ਕੇ ਕੁਝ ਕਰਨਾ ਹੈ। ਉਨ੍ਹਾਂ ਦੀ ਪਤਨੀ ਕਹਿਣ ਲੱਗੀ ਕਿ ਉਨ੍ਹਾਂ ਦੇ ਘਰ ਬੈਠੇ ਹੋਣ ਨਾਲ ਉਸ ਨੂੰ ਸਾਰੇ ਸੰਸਾਰ ਦੀ ਪਾਤਸ਼ਾਹੀ ਮਿਲੀ ਹੁੰਦੀ ਹੈ, ਪਰ ਉਨ੍ਹਾਂ ਤੋਂ ਬਿਨਾਂ ਸੰਸਾਰ ਉਸ ਦੇ ਕਿਸੇ ਕੰਮ ਨਹੀਂ।ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਇੱਕ ਦਿਨ ਤੇਰੀ ਪਾਤਸ਼ਾਹੀ ਹੋਵੇਗੀ , ਜੇਕਰ ਉੱਥੇ ਜਾ ਕੇ ਉਨ੍ਹਾਂ ਦੇ ਰੁਜ਼ਗਾਰ ਦਾ ਕੋਈ ਗੱਲ ਬਣੀ, ਤਾਂ ਉਹ ਉਸ ਨੂੰ ਵੀ ਕੋਲ ਬੁਲਾ ਲੈਣਗੇ।

**ਪ੍ਰਸ਼ਨ 4. ਗੁਰੂ ਨਾਨਕ ਦੇਵ ਜੀ, ਜੈਰਾਮ ਅਤੇ ਨਵਾਬ ਦੌਲਤ ਖ਼ਾਨ ਦੀ ਵਾਰਤਾਲਾਪ ਨੂੰ ਲਿਖੋ।**

ਉੱਤਰ - ਜੈਰਾਮ ਨੇ ਨਵਾਬ ਦੌਲਤ ਖ਼ਾਂ ਕੋਲ ਜਾ ਕੇ ਬੇਨਤੀ ਕੀਤੀ ਕਿ ਉਸ ਦਾ ਸਾਲਾ ਉਸ ਨੂੰ ਮਿਲਣਾ ਚਾਹੁੰਦਾ ਹੈ। ਆਗਿਆ ਮਿਲਣ ਤੇ ਜੈਰਾਮ ਗੁਰੂ ਨਾਨਕ ਨੂੰ ਉਸ ਕੋਲ ਲੈ ਗਿਆ। ਗੁਰੂ ਜੀ ਉਸ ਨੂੰ ਕੁਝ ਨਜ਼ਰਾਨਾ ਲੈ ਕੇ ਮਿਲੇ ਜੈਰਾਮ ਤੋਂ ਗੁਰੂ ਜੀ ਦਾ ਨਾਂ ਪੁੱਛਣ ਮਗਰੋਂ ਖਾਨ ਨੇ ਕਿਹਾ ਕਿ ਉਹ ਉਸ ਨੂੰ ਦਿਆਨਤਦਾਰ ਨਜ਼ਰ ਆਉਂਦਾ ਹੈ, ਇਸ ਲਈ ਉਸ ਨੂੰ ਮੋਦੀਖ਼ਾਨੇ ਦਾ ਕੰਮ ਸੌਂਪ ਦੇਵੇ। ਇਹ ਸੁਣ ਕੇ ਗੁਰੂ ਨਾਨਕ ਜੀ ਖੁਸ਼ ਹੋਏ ਤੇ ਖਾਨ ਨੇ ਸਿਰੋਪਾਓ ਦਿੱਤਾ।

**ਪ੍ਰਸ਼ਨ 5. ਸੁਲਤਾਨਪੁਰ ਰਹਿੰਦਿਆਂ ਗੁਰੂ ਨਾਨਕ ਦਾ ਨਿੱਤ ਕਰਮ ਕੀ ਸੀ ?**

ਉੱਤਰ - ਸੁਲਤਾਨਪੁਰ ਰਹਿੰਦਿਆਂ ਗੁਰੂ ਜੀ ਨੂੰ ਹਰ ਰੋਜ਼ ਸੰਗਤ ਨਾਲ ਲੰਗਰ-ਪ੍ਰਸ਼ਾਦਾ ਛਕਦੇ ਸਨ। ਰਾਤ ਨੂੰ ਸਭ ਨਾਲ ਮਿਲ ਕੇ ਕੀਰਤਨ ਕਰਦੇ ਸਨ। ਇੱਕ ਪਹਿਰ ਰਾਤ ਰਹਿੰਦੀ ਨੂੰ ਗੁਰੂ ਜੀ ਦਰਿਆ ਉੱਤੇ ਜਾ ਕੇ ਇਸ਼ਨਾਨ ਕਰਦੇ ਸਨ। ਜਦੋਂ ਸਵੇਰ ਹੁੰਦੀ, ਤਾਂ ਉਹ ਕੱਪੜੇ ਪਾ ਕੇ ਤੇ ਤਿਲਕ ਲਗਾ ਦੇ ਦਫ਼ਤਰ ਵਿੱਚ ਮੋਦੀਖਾਨੇ ਦਾ ਹਿਸਾਬ ਲਿਖਣ ਬੈਠ ਜਾਂਦੇ ਸਨ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਸਾਖੀਆਂ ਕਿਸ ਪੁਸਤਕ ਵਿੱਚ ਹਨ ?**

ਉੱਤਰ - ਪੁਰਾਤਨ ਜਨਮਸਾਖੀ ।

**ਪ੍ਰਸ਼ਨ 2. ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਕੀ ਨਾਂ ਸੀ ?**

ਉੱਤਰ - ਬੀਬੀ ਨਾਨਕੀ ।

**ਪ੍ਰਸ਼ਨ 3. ਗੁਰੂ ਨਾਨਕ ਦੇਵ ਜੀ ਦੇ ਭਣੋਈਏ ਦਾ ਕੀ ਨਾਂ ਸੀ ?**

ਉੱਤਰ - ਜੈਰਾਮ ।

**ਪ੍ਰਸ਼ਨ 4. ਜੈਰਾਮ ਤੇ ਬੇਬੇ ਨਾਨਕੀ ਕਿੱਥੇ ਰਹਿੰਦੇ ਸਨ ?**

ਉੱਤਰ – ਸੁਲਤਾਨਪੁਰ ।

**ਪ੍ਰਸ਼ਨ 5. ਜੈਰਾਮ ਕਿਸ ਦਾ ਮੋਦੀ ਸੀ ?**

ਉੱਤਰ - ਨਵਾਬ ਦੌਲਤ ਖ਼ਾਨ ਦਾ ।

**ਪ੍ਰਸ਼ਨ 6. ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਨੂੰ ਤੁਰਨ ਲੱਗੇ ਤਾਂ ਕੌਣ ਵੈਰਾਗ ਕਰਨ ਲੱਗਾ ?**

ਉੱਤਰ - ਗੁਰੂ ਜੀ ਦੀ ਪਤਨੀ ।

**ਪ੍ਰਸ਼ਨ 7. ਸੁਲਤਾਨਪੁਰ ਜਾ ਕੇ ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਕਿਸ ਨੂੰ ਮਿਲੇ ?**

ਉੱਤਰ - ਜੈਰਾਮ ਨੂੰ ।

**ਪ੍ਰਸ਼ਨ 8. ਜੈਰਾਮ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਸ ਨਾਲ ਮਿਲਾਇਆ ?**

ਉੱਤਰ - ਨਵਾਬ ਦੌਲਤ ਖ਼ਾਨ ਲੋਧੀ ਨਾਲ ।

**ਪ੍ਰਸ਼ਨ 9. ਗੁਰੂ ਨਾਨਕ ਦੇਵ ਦੀ ਨਵਾਬ ਅੱਗੇ ਕੀ ਲੈ ਕੇ ਪੇਸ਼ ਹੋਏ ?**

ਉੱਤਰ - ਨਜ਼ਰਾਨਾ ਲੈ ਕੇ ।

**ਪ੍ਰਸ਼ਨ 10. ਨਵਾਬ ਦੌਲਤ ਖਾਂ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਬਾਰੇ ਜੈਰਾਮ ਨੂੰ ਕੀ ਪੁੱਛਿਆ ?**

ਉੱਤਰ - ਗੁਰੂ ਜੀ ਦਾ ਨਾਂ ।

**ਪ੍ਰਸ਼ਨ 11. ਨਵਾਬ ਨੇ ਗੁਰੂ ਜੀ ਦੀ ਤੋਂ ਪ੍ਰਭਾਵਿਤ ਹੋ ਕੇ ਕੀ ਦਿੱਤਾ ?**

ਉੱਤਰ - ਸਿਰੋਪਾਓ ਤੇ ਨੌਕਰੀ ।

**ਪ੍ਰਸ਼ਨ 12. ਗੁਰੂ ਜੀ ਨੂੰ ਤਨਖਾਹ ਤੋਂ ਇਲਾਵਾ ਹੋਰ ਕੀ ਮਿਲਦਾ ਸੀ ?**

ਉੱਤਰ - ਅਲੂਫ਼ਾ ।

**ਪ੍ਰਸ਼ਨ 13. ਸੁਲਤਾਨਪੁਰ ਵਿੱਚ ਗੁਰੂ ਜੀ ਰਾਤ ਨੂੰ ਨਿੱਤਾ-ਪ੍ਰਤੀ ਕੀ ਕਰਦੇ ਸਨ ?**

ਉੱਤਰ - ਕੀਰਤਨ ।

**ਪ੍ਰਸ਼ਨ 14. ਮਗਰੋਂ ਤਲਵੰਡੀ ਤੋਂ ਗੁਰੂ ਜੀ ਕੋਲ ਹੋਰ ਕੌਣ ਆਇਆ ?**

ਉੱਤਰ – ਮਰਦਾਨਾ ।

**ਪ੍ਰਸ਼ਨ 15. ਗੁਰੂ ਜੀ ਦਰਿਆ ਵਿੱਚ ਇਸ਼ਨਾਨ ਕਰਨ ਲਈ ਕਦੋਂ ਜਾਂਦੇ ਸਨ ?**

ਉੱਤਰ – ਇੱਕ ਪਹਿਰ ਰਾਤ ਰਹਿੰਦੀ ਨੂੰ ।

2. ਗਲੀ ਵਿੱਚ – (ਲੇਖਕ :- ਸ਼ਰਧਾ ਰਾਮ ਫ਼ਿਲੌਰੀ)

## ਛੋਟੇ ਉੱਤਰ ਵਾਲੇ ਪ੍ਰਸ਼ਨ

**ਪ੍ਰਸ਼ਨ 1. ਸ਼ਰਧਾ ਰਾਮ ਫਿਲੌਰੀ ਨੇ ਕਿਸੇ ਛਾਬੜੀ ਜਾਂ ਕਿਸੇ ਵਣਜਾਰੇ ਦੇ ਆਉਣ ਤੇ ਗਲੀ ਦਾ ਦ੍ਰਿਸ਼ ਕਿਸ ਖ਼ੂਬੀ ਨਾਲ ਚਿਤਰਿਆ ਹੈ ?**

ਉੱਤਰ - ਸ਼ਰਧਾ ਰਾਮ ਫਿਲੌਰੀ ਨੇ ਅੱਜ ਤੋਂ ਸਵਾ ਕੁ ਸੌ ਸਾਲ ਪੁਰਾਣੇ ਪੰਜਾਬ ਦੀ ਗਲੀ ਵਿੱਚ ਕਿਸੇ ਛਾਬੜੀ ਵਾਲੇ ਜਾਂ ਵਣਜਾਰੇ ਦੇ ਆਉਣ ਨੂੰ ਬੜੇ ਯਥਾਰਥਕ ਤੇ ਸੰਜੀਵ ਰੂਪ ਵਿੱਚ ਚਿਤਰਿਆ ਹੈ। ਇਨ੍ਹਾਂ ਦ੍ਰਿਸ਼ਾਂ ਨੂੰ ਸਾਕਾਰ ਰੂਪ ਦੇਣ ਲਈ ਲੇਖਕ ਨੇ ਯਥਾਰਥਕ ਘਟਨਾਵਾਂ, ਸ਼ਬਦ-ਚਿਤਰਾਂ, ਕੁੜੀਆਂ, ਔਰਤਾਂ ਦੇ ਬੁੱਢੀਆਂ ਦੇ ਜਿਉਂਦੇ-ਜਾਗਦੇ ਤੇ ਕੁਦਰਤੀ ਪਾਤਰਾਂ ਅਤੇ ਛੋਟੇ-ਛੋਟੇ ਚੁਸਤ ਵਾਰਤਾਲਾਪ ਤੋਂ ਕੰਮ ਲਿਆ ਹੈ।

**ਪ੍ਰਸ਼ਨ 2. ਪਾਂਡਾ  ਭੋਲੀਆਂ-ਭਾਲੀਆਂ ਔਰਤਾਂ ਨੂੰ ਕਿਵੇਂ ਵਰਗਲਾ ਕੇ ਲੁੱਟਦਾ ਹੈ ?**

ਉੱਤਰ - ਪਾਂਡਾ ਹੱਥ ਵਿੱਚ ਪੱਤਰੀ ਫੜ ਕੇ ਆਉਂਦਾ ਹੈ ਅਤੇ ਭੋਲੀਆਂ ਭਾਲੀਆਂ ਔਰਤਾਂ ਨੂੰ ਲੁੱਟਣ ਲਈ ਖੁਸ਼ਾਮਦੀ ਭਰਪੂਰ ਸ਼ਬਦਾਂ ਨਾਲ ਇਸਤਰੀਆਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਫਿਰ ਉਹ ਉਨ੍ਹਾਂ ਦੇ ਹੱਥਾਂ ਦੀਆਂ ਰੇਖਾਵਾਂ ਦੇਖਦਾ ਹੈ ਤੇ ਕਿਸਮਤ ਬਾਰੇ ਮਨਘੜਤ ਭਵਿੱਖਬਾਣੀਆਂ ਕਰਦਾ ਹੋਇਆ ਕਿਸੇ ਨੂੰ ਉਸ ਦੇ ਪੁੱਤਰ ਦੇ ਵਿਆਹ ਬਾਰੇ, ਕਿਸੇ ਨੂੰ ਗੁਆਂਢੀ ਦੇ ਦਗੇ ਬਾਰੇ, ਕਿਸੇ ਨੂੰ ਭਰਾ ਦੀ ਕੁੜਮਾਈ ਬਾਰੇ ਅਤੇ ਕਿਸੇ ਨੂੰ ਕਿਸਮਤ ਵਿੱਚ ਧਨ ਦੇ ਹੋਣ ਬਾਰੇ ਦੱਸ ਕੇ ਉਨ੍ਹਾਂ ਤੋਂ ਛਾਪਾਂ, ਛੱਲੇ, ਕੱਪੜੇ ਅਤੇ ਚਾਂਦੀ ਲੈ ਕੇ ਆਪਣਾ ਰਾਹ ਫੜਦਾ ਹੈ।

**ਪ੍ਰਸ਼ਨ 3. 'ਮਨ ਚੰਗਾ ਤੇ ਕਠੌਤੀ ਵਿੱਚ ਗੰਗਾ' ਅਖਾਣ ਦਾ ਕੀ ਭਾਵ ਹੈ ?**

ਉੱਤਰ - ਇਸ ਅਖਾਣ ਦਾ ਭਾਵ ਹੈ ਕਿ ਜਦੋਂ ਬੰਦੇ ਦਾ ਮਨ ਚੰਗਾ ਹੋਵੇ ਤਾਂ ਸਾਰੇ ਤੀਰਥਾਂ ਅਤੇ ਧਾਰਮਿਕ ਅਸਥਾਨਾਂ ਤੇ ਜਾਣ ਦਾ ਜਸ ਅਤੇ ਭਾਗ ਘਰ ਵਿੱਚ ਬੈਠਿਆਂ ਹੀ ਪ੍ਰਾਪਤ ਹੋ ਜਾਂਦਾ ਹੈ , ਫਿਰ ਤੀਰਥਾਂ ਉੱਤੇ ਜਾਣ ਦੀ ਲੋੜ ਨਹੀਂ ਰਹਿੰਦੀ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਗਲੀ ਵਿੱਚ' ਲੇਖ ਕਿਸ ਦੀ ਰਚਨਾ ਹੈ ?**

ਉੱਤਰ - ਸ਼ਰਧਾ ਰਾਮ ਫਿਲੌਰੀ ਦੀ।

**ਪ੍ਰਸ਼ਨ 2. 'ਗਲੀ ਵਿੱਚ' ਲੇਖ ਵਿੱਚ ਕਿਹੜੇ ਸ਼ਹਿਰ ਦੀ ਗਲੀ ਦਾ ਜ਼ਿਕਰ ਹੈ ?**

ਉੱਤਰ - ਅੰਮ੍ਰਿਤਸਰ ਦੀ।

**ਪ੍ਰਸ਼ਨ 3. ਗਲੀ ਵਿੱਚ ਸਭ ਤੋਂ ਪਹਿਲਾਂ ਕੌਣ ਆਇਆ ?**

ਉੱਤਰ - ਛਾਬੜੀ ਵਾਲਾ।

**ਪ੍ਰਸ਼ਨ 4.  ਗਲੀ ਵਿੱਚ ਸਭ ਤੋਂ ਮਗਰੋਂ ਕੌਣ ਆਇਆ ?**

ਉੱਤਰ - ਪਾਂਡਾ।

**ਪ੍ਰਸ਼ਨ 5. ਔਰਤਾਂ ਨੇ ਛਾਬੜੀ ਵਾਲੇ ਤੋਂ ਸੌਦਾ ਖਰੀਦਣ ਲਈ ਹੇਠਾਂ ਕੀ ਲਮਕਾਇਆ ?**

ਉੱਤਰ – ਛਿੱਕੂ।

**ਪ੍ਰਸ਼ਨ 6. ਦਰਬਾਰ ਸਾਹਿਬ ਪਹੁੰਚ ਕੇ ਇਸਤਰੀਆਂ ਨੇ ਕਿੱਥੇ ਆਰਾਮ ਕੀਤਾ ?**

ਉੱਤਰ - ਪੌਣੇ ਵਿੱਚ ।

**ਪ੍ਰਸ਼ਨ 7. ਜਦੋਂ ਖੋਤਾ ਹਿਣਕਿਆ ਉਦੋਂ ਤ੍ਰੀਮਤਾਂ ਕਿਧਰ ਜਾ ਰਹੀਆਂ ਸਨ ?**

ਉੱਤਰ - ਦਰਬਾਰ ਸਾਹਿਬ ਵੱਲ ।

**ਪ੍ਰਸ਼ਨ 8. ਦਰਬਾਰ ਸਾਹਿਬ ਇਸ਼ਨਾਨ ਕਰਨ ਮਗਰੋਂ ਤ੍ਰੀਮਤਾਂ ਕੀ ਸੁਣਨਾ ਚਾਹੁੰਦੀਆਂ ਸਨ ?**

ਉੱਤਰ - ਐਤਵਾਰ ਦੀ ਕਥਾ ।

**ਪ੍ਰਸ਼ਨ 9. ਤ੍ਰੀਮਤਾਂ ਨੇ ਕਿਸ ਤੋਂ ਕਥਾ ਸੁਣੀ ?**

ਉੱਤਰ - ਮਿਸਰਾਣੀ ਤੋਂ

**ਪ੍ਰਸ਼ਨ 10. ਬੁੱਢੀ ਨੇ ਕਿਸ ਨੂੰ ਡਾਂਟਿਆ ?**

ਉੱਤਰ - ਵਣਜਾਰੇ ਅਤੇ ਕੁੜੀਆਂ ਨੂੰ ।

**ਪ੍ਰਸ਼ਨ 11. ਪਾਂਡੇ ਨੇ ਹੱਥ ਵਿੱਚ ਕੀ ਫੜਿਆ ਹੋਇਆ ਸੀ ?**

ਉੱਤਰ - ਪੁਰਾਣੀ ਜਿਹੀ ਪੱਤਰੀ ।

**ਪ੍ਰਸ਼ਨ 12. ਪਾਂਡੇ ਨੇ ਕਿਸ ਦੇ ਜਲਦੀ ਵਿਆਹੇ ਜਾਣ ਦੀ ਗੱਲ ਕਹੀ ?**

ਉੱਤਰ - ਮੂਲੇ ਦੇ ।




**ਤਿਆਰ ਕਰਤਾ**

**ਗੁਰਦੀਪ ਸਿੰਘ ਪੰਜਾਬੀ ਮਾਸਟਰ ਸਰਕਾਰੀ ਸੀਨੀ. ਸੈਕੰ. ਸਕੂਲ,**

**ਕੋਟਲੀ ਅਬਲੂ, ਸ਼੍ਰੀ ਮੁਕਤਸਰ ਸਾਹਿਬ।**

**ਮੋ. 9193700037**